# ਹੀਮੋਡਾਇਲੇਸਿਸ ਕੈਥੇਟਰ ਐਮਰਜੈਂਸੀ ਵਿਚ ਕੀਹ ਕਰਨਾ ਹੈ

## What to Do for Hemodialysis Catheter Emergencies

BCRenal
Provincial Health Services Authority

▶ ਡਾਇਲੇਸਿਸ ਯੂਨਿਟ ਤੋਂ ਜਾਣ ਤੋਂ ਬਾਅਦ ਹੀਮੋਡਾਇਲੇਸਿਸ ਕੈਥੇਟਰ ਵਿਚ ਕੋਈ ਸਮੱਸਿਆ ਹੋਣੀ ਬਹੁਤ ਟਾਂਵੀਂ ਘਟਣਾ ਹੁੰਦੀ ਹੈ। ਇਸ ਕਿਤਾਬਚੇ ਵਿਚ ਤੁਹਾਨੂੰ ਇਹ ਦੱਸਿਆ ਗਿਆ ਹੈ ਕਿ ਜੇ ਕੋਈ ਸਮੱਸਿਆ ਹੋਵੇ ਤਾਂ ਕੀ ਕਰਨਾ ਹੈ।

### ਮੈਨੂੰ ਆਪਣੀ ਐਮਰਜੈਂਸੀ ਕਿੱਟ ਵਿਚ ਕੀ ਰੱਖਣਾ ਚਾਹੀਦਾ ਹੈ?

- ਗਾਜ਼ ਪੈਡ (Gauze pads)
- ਪੱਟੀ (Dressing)
- ਟੇਪ (Tape)
- ਦਸਤਾਨੇ (Gloves)
- ਕਲੈਂਪ (Clamp)

### ਜੇ ਮੇਰੀ ਕੈਥੇਟਰ ਖ਼ਰਾਬ ਹੋ ਜਾਏ ਤਾਂ ਕੀ ਕਰਾਂ?

(ਜਿਵੇਂ, ਤਰੇੜ ਆ ਜਾਏ, ਕੱਟ ਜਾਏ ਜਾਂ ਕੈਥੇਟਰ ਵਾਲੀ ਜਗ੍ਹਾ ਜ਼ਖ਼ਮ ਹੋ ਜਾਏ)

1. ਜੋ ਵੀ ਨੇੜੇ ਹੋਵੇ ਉਸ ਤੋਂ ਮਦਦ ਮੰਗੋ।
2. ਕੈਥੇਟਰ ਨੂੰ ਕਲੈਂਪ ਚਮੜੀ ਦੇ ਨੇੜੇ ਜਿੰਨਾ ਉੱਚਾ ਹੋ ਸਕਦਾ ਹੈ ਲਗਾਉ (ਫੋਟੋ ਦੇਖੋ)।
3. ਜੇ ਕੈਥੇਟਰ ਤੋਂ ਖ਼ੂਨ ਵਗ ਰਿਹਾ ਹੈ:
    - ਕਲੈਂਪ ਲਗਾਉ; ਅਤੇ
    - ਬੈਠੇ ਹੋਏ ਆਪਣੀ ਧੌਣ ਦੀ ਨਾੜੀ ਨੂੰ ਅਤੇ ਖ਼ੂਨ ਨਿਕਲਣ ਵਾਲੀ ਥਾਂ ਨੂੰ ਦਬਾਉਣ ਲਈ (ਹੇਠਲੀ ਫੋਟੋ ਦੇਖੋ) ਕੋਈ ਸਾਫ਼ ਚੀਜ਼ ਵਰਤੋ (ਜਿਵੇਂ ਗਾਜ਼, ਸਾਫ਼ ਕੱਪੜਾ, ਤੌਲੀਆ) (ਹੇਠਲੀ ਫ਼ੋਟੋ ਦੇਖੋ)।
4. **ਇੱਕ ਦਮ ਐਮਰਜੈਂਸੀ ਵਿਭਾਗ ਵਿਚ ਜਾਓ।**





ਯਾਦ ਰੱਖੋ: ਕੈਥੇਟਰ ਦੇ ਨੇੜੇ ਕੋਈ ਤੇਜ਼ਧਾਰ ਚੀਜ਼ ਜਿਵੇਂ ਚਾਕੂ ਅਤੇ ਕੈਂਚੀ ਨਹੀਂ ਵਰਤਣੀ।

## ਜੇ ਮੇਰਾ ਕੈਥੇਟਰ ਨਿਕਲ ਜਾਏ ਤਾਂ ਕੀ ਕਰਾਂ?

1. ਜੇ ਤੁਹਾਡਾ ਕੈਥੇਟਰ ਥੋੜ੍ਹਾ ਬਾਹਰ ਨਿਕਲ ਜਾਏ ਤਾਂ ਉਸ ਨੂੰ ਵਾਪਸ ਪਾਉਣ ਦੀ ਕੋਸ਼ਿਸ਼ ਨਾ ਕਰੋ।
   - ਜੋ ਵੀ ਨੇੜੇ ਹੋਵੇ ਉਸ ਤੋਂ ਮਦਦ ਮੰਗੋ।
   - ਉਸੇ ਜਗ੍ਹਾ ਟੇਪ ਲਗਾ ਦਿਓ।
   - **ਇੱਕ ਦਮ ਐਮਰਜੈਂਸੀ ਵਿਭਾਗ ਵਿਚ ਜਾਓ।**
2. ਜੇ ਤੁਹਾਡਾ ਕੈਥੇਟਰ ਪੂਰਾ ਬਾਹਰ ਨਿਕਲ ਜਾਏ ਤਾਂ ਉਸ ਨੂੰ ਵਾਪਸ ਪਾਉਣ ਦੀ ਕੋਸ਼ਿਸ਼ ਨਾ ਕਰੋ।
   - ਜੋ ਵੀ ਨੇੜੇ ਹੋਵੇ ਉਸ ਤੋਂ ਮਦਦ ਮੰਗੋ।
   - ਜੇ ਖ਼ੂਨ ਵਗ ਰਿਹਾ ਹੈ ਤਾਂ ਬੈਠੇ ਹੋਏ ਆਪਣੀ ਧੌਣ ਦੀ ਨਾੜੀ ਨੂੰ ਅਤੇ ਖ਼ੂਨ ਨਿਕਲਣ ਵਾਲੀ ਥਾਂ ਨੂੰ ਦਬਾਉਣ ਲਈ ਕੋਈ ਸਾਫ਼ ਚੀਜ਼ ਵਰਤੋ (ਜਿਵੇਂ ਗਾਜ਼, ਸਾਫ਼ ਕੱਪੜਾ, ਤੌਲੀਆ)।
   - ਜੇ ਖ਼ੂਨ ਨਹੀਂ ਵਗਦਾ ਤਾਂ ਕੈਥੇਟਰ ਨਿਕਲਣ ਵਾਲੀ ਥਾਂ ਤੇ ਪੱਟੀ ਲਗਾ ਦਿਓ।
   - ਐਮਰਜੈਂਸੀ ਵਿਭਾਗ ਵਿਚ ਜਾਓ।




## ਜੇ ਮੈਂ ਸਮਝਾਂ ਕਿ ਮੇਰਾ ਕੈਥੇਟਰ ਦੂਸ਼ਿਤ ਹੈ ਤਾਂ ਮੈਂ ਕੀ ਕਰਾਂ?

1. ਆਪਣੀ ਡਾਇਲੇਸਿਸ ਯੂਨਿਟ ਨੂੰ ਫ਼ੋਨ ਕਰੋ ਜੇ ਤੁਸੀਂ ਇਹ ਮਹਿਸੂਸ ਕਰੋ:
   - ਕੈਥੇਟਰ ਦੇ ਨਾਲ ਲਾਲੀ, ਗਰਮਾਇਸ਼, ਜਾਂ ਦਰਦ
   - ਕੈਥੇਟਰ ਵਾਲੀ ਥਾਂ ਤੋਂ ਮੁਆਦ ਵਗੈਰਾ ਨਿਕਲਦਾ ਹੋਵੇ
   - ਕੈਥੇਟਰ ਜਾਂ ਧੌਣ ਦੁਆਲੇ ਜ਼ਿਆਦਾ ਸੋਜਿਸ਼ ਜਾਂ ਖ਼ਾਰਸ਼
   - ਤੁਹਾਨੂੰ ਬੁਖ਼ਾਰ ਜਿਹਾ ਲਗਦਾ ਹੈ (ਤਾਪਮਾਨ 38$^0$C ਜਾਂ ਜ਼ਿਆਦਾ, ਠੰਢ ਲਗਦੀ ਹੈ, ਕਮਜ਼ੋਰੀ), ਅਤੇ ਉੱਪਰ ਲਿਖਿਆਂ ਵਿਚੋਂ ਕੋਈ ਲੱਛਣ
2. ਜੇ ਤੁਹਾਡੀ ਡਾਇਲੇਸਿਸ ਯੂਨਿਟ ਬੰਦ ਹੈ ਤਾਂ ਐਮਰਜੈਂਸੀ ਵਿਭਾਗ ਵਿਚ ਜਾਓ।

